**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

**ਅਧਿਸੂਚਨਾ**

ਮੀਮੋ ਨੰ. 15/55-2019 ਏ (1)/2021635552 ਮਿਤੀ, ਚੰਡੀਗੜ੍ਹ, 18/02/2021

ਵਿਸ਼ਾ - ਪੰਜਾਬ ਰਾਜ ਦੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਕੌਰਸਪੋਡੈਂਟ ਦੀ ਪ੍ਰਵਾਨਗੀ ਸਬੰਧੀ ਕੇਸਾਂ ਨੂੰ ਆਨ ਲਾਈਨ ਕਰਨ ਸਬੰਧੀ।

ਪੰਜਾਬ ਰਾਜ ਦੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਕੌਰਸਪੋਡੈਂਟ ਦੀ ਪ੍ਰਵਾਨਗੀ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸੁਖਾਲਾ ਕਰਨ ਲਈ ਅਤੇ ਵਿਭਾਗ ਦੀ ਕਾਰਜ ਕੁਸ਼ਲਤਾ ਨੂੰ ਬੇਹਤਰ ਕਰਨ ਲਈ ਸਰਕਾਰ ਵੱਲੋਂ ਇਸ ਸਬੰਧੀ ਸਾਰੇ ਪ੍ਰੋਸੈਸ ਨੂੰ ਆਨ-ਲਾਈਨ ਕਰਨ ਦਾ ਫੈਸਲਾ ਲਿਆ ਹੈ। ਆਨ-ਲਾਈਨ ਸਿਸਟਮ ਰਾਹੀਂ ਏਡਿਡ ਸਕੂਲਾਂ ਦੇ ਕੌਰਸਪੋਡੈਂਟ ਦੀ ਪ੍ਰਵਾਨਗੀ ਜਾਰੀ ਕਰਨ ਦੀ ਪ੍ਰਕਿਰਿਆ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ -

2.1 ਸਕੂਲ ਦੇ ਕਾਰਸਪੋਡੈਂਟ/ ਮੁੱਖੀ ਵੱਲੋਂ www.epunjabschool.gov.in ਪੋਰਟਲ ਦੇ ਲਿੰਕ ਤੇ ਆਪਣੀ ਐਪਲੀਕੇਸ਼ਨ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਕੋਲ ਅਪਲਾਈ ਕਰੇਗਾ।

2.2 ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.) ਵੱਲੋਂ ਆਪਣੀ ਟਿੱਪਣੀ ਸਹਿਤ ਕੇਸ ਇੱਕ ਦਿਨ ਦੇ ਅੰਦਰ ਅੰਦਰ ਡਾਇਰੈਕਟੋਰੇਟ ਦਫਤਰ ਨੂੰ ਭੇਜਿਆ ਜਾਵੇਗਾ। ਜੇ ਕੋਈ ਤਰੁੱਟੀ ਹੋਵੇਗੀ ਤਾਂ ਟਿੱਪਣੀ ਸਹਿਤ ਕੇਸ ਸਕੂਲ ਨੂੰ ਵਾਪਿਸ ਭੇਜੇਗਾ।

2.3 ਡਾਇਰੈਕਟੋਰੇਟ ਦਫਤਰ ਵੱਲੋਂ ਕੇਸ ਦੀ ਪੜਤਾਲ ਕਰਕੇ ਡੀ.ਪੀ.ਆਈ. (ਸੈ.ਸਿ.) ਨੂੰ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਜੇ ਕੋਈ ਤਰੁੱਟੀ ਹੋਵੇਗੀ ਤਾਂ ਟਿੱਪਣੀ ਸਹਿਤ ਕੇਸ ਸਕੂਲ ਨੂੰ ਵਾਪਿਸ ਭੇਜੇਗਾ। ਇਹ ਕਾਰਵਾਈ ਇੱਕ ਦਿਨ ਵਿੱਚ ਹੀ ਹੋਵੇਗੀ।

2.4 ਡੀ.ਪੀ.ਆਈ. (ਸੈ.ਸਿ.) ਵੱਲੋਂ ਕੇਸ ਸਬੰਧੀ ਇੱਕ ਦਿਨ ਦੇ ਅੰਦਰ ਹੀ ਹੁਕਮ ਜਾਰੀ ਹੋਣਗੇ।

2.5 ਡੀ.ਪੀ.ਆਈ. (ਸੈ.ਸਿ.) ਦੀ ਪ੍ਰਵਾਨਗੀ ਉਪਰੰਤ ਡਾਇਰੈਕਟੋਰੇਟ ਦਫਤਰ ਵੱਲੋਂ ਲੋੜੀਂਦੀ ਸੈਂਕਸ਼ਨ ਇੱਕ ਦਿਨ ਦੇ ਅੰਦਰ ਅੰਦਰ ਪੋਰਟਲ ਉੱਤੇ ਅਪਲੋਡ ਕਰ ਦਿੱਤੀ ਜਾਵੇਗੀ।

2.6 ਇਸ ਤਰ੍ਹਾਂ ਇਹ ਪ੍ਰਕਿਰਿਆ 4 ਦਿਨਾਂ ਵਿੱਚ ਮੁਕੰਮਲ ਕਰ ਦਿੱਤੀ ਜਾਵੇਗੀ।

ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ. -ਉਕਤ-/2021635553-54 ਮਿਤੀ, ਚੰਡੀਗੜ੍ਹ, 18/02/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ -

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ) ਪੰਜਾਬ।

ਸੁਪਰਡੰਟ